Parakh
Research Journal Deptt. of Punjabi
Language & Literature
Lahore College for Women University
Lahore (Pakistan) Vol: 3
July.-Dec. 2018, pp 3-12

ਪਾਰਖਿ
ਪੰਜਾਬੀ ਵਭਿਾਗ ਜਰਨਲ ਆਫ਼ ਪੰਜਾਬੀ
ਭਾਸ਼ਾ ਅਤੇ ਸਾਹਤਿ
ਮਹਲਿਾ ਯੂਨੀਵਰਸਟਿੀ ਲਾਹੌਰ ਕਾਲਜ, ਲਾਹੌਰ
(ਪਾਕਸਿਤਾਨ) ਲਈ: 3, ਜੁਲਾਈ-ਦਸੰਬਰ 2018, ਪੰਨੇ
3-16

ਕਲਿਆਣ ਸਿੰਘ ਕਲਿਆਣ *

ਪਾਕਿਸਤਾਨੀ ਪੰਜਾਬ ਵਿੱਚ ਗੁਰਮੁਖੀ ਦਾ ਵਿਕਾਸ

Abstract

Punjabi enjoys a very significant status among languages of the world. Another salient feature of this language is that it is written in two scripts. Gurumukhi is its oldest script and it has been proven that the language and the script date back to fifth and sixth centuries. Gurumukhi is gaining rapid popularity in Pakistan as a result Punjabi is becoming closer to its mother script but also its culture. In future its impact will deepen. Need of the day is that it is rooted in the land and not associated with religion.

ਪੰਜਾਬੀ ਜ਼ਬਾਨ, ਅਦਬ ਦੇ ਬਹੁਤ ਸਾਰੇ ਵਿਦਵਾਨ ਇਸ ਗੱਲ ਤੇ ਮੁਤਫ਼ਿਕ ਹਨ ਕਿ ਪੰਜਾਬੀ (ਗੁਰਮੁਖੀ) ਜ਼ਬਾਨ ਓ ਅਦਬ ਦਾ ਮੁੱਢਲਾ ਤੇ ਵੱਡਾ ਸੋਮਾ ਯਾਰ੍ਹਵੀਂ ਸਦੀ ਦੇ ਸ਼ੁਰੂ ਤੋਂ ਈ ਮਿਲਦਾ ਏ ਤੇ ਉਸ ਦੀ ਲਿਪੀ ਦਾ ਵਜੂਦ ਵੀ ਉਸ ਵੇਲੇ ਦੀਆਂ ਤਿੰਨ ਵੱਡੀਆਂ ਜ਼ਬਾਨਾਂ ਸ਼ੋਰ ਸੈਣੀ, ਪਸਾਚੀ, ਅਪ ਭ੍ਰਨਸ਼ ਦੇ ਸੰਜੋਗ ਨਾਲ ਹੋਇਆ । ਹਿੰਦ ਦੀਆਂ ਬਾਕੀ ਦੇਸੀ ਬੋਲੀਆਂ ਵਾਂਗ ਇਸ ਦੀ ਸ਼ਬਦਾਵਲੀ ਦਾ ਵਰਤਾਰਾ ਛੇਵੀਂ ਸੱਤਵੀਂ ਸਦੀ ਈਸਵੀ ਵਿਚ ਸ਼ੁਰੂ ਹੋਇਆ ਤੇ ਬਹੁਤ ਸਾਰੇ ਖੋਜਕਾਰ ਇਸ ਗੱਲ ਤੇ ਵੀ ਇਕ ਹਨ ਕਿ ਉਸ ਵੇਲੇ ਈ ਦੇਸੀ ਬੋਲੀਆਂ ਦਾ ਵੱਖਰਾ ਢਾਂਚਾ ਬਣਨਾ ਸ਼ੁਰੂ ਹੋ ਗਿਆ ਸੀ । ਇਸ ਗੱਲ ਨੂੰ ਮਹਾਨ ਖੋਜਕਾਰ ਪਿਆਰਾ ਸਿੰਘ ਪਦਮ ਨੇ ਇਸ ਪ੍ਰਕਾਰ ਬਿਆਨ ਕੀਤਾ ਏ:

> ''ਜਿਵੇਂ ਇਨਸਾਨ ਦੇ ਬੱਚੇ ਦਾ ਪਹਿਲਾ ਢਾਂਚਾ ਤਿਆਰ ਹੋਵਣ ਲਈ ਛੇ ਮਹੀਨੇ ਲਗਦੇ ਹਨ । ਤਿਵੇਂ ਬੋਲੀ ਦਾ ਮੁੱਢਲਾ ਆਕਾਰ ਬਣਨ ਲਈ ਛੇ ਕੋ ਸਦੀਆਂ ਲੱਗ ਜਾਣੀਆਂ ਆਮ ਜਿਹੀ ਗੱਲ ਹੈ। ਪੇਟ ਵਿਚਲੇ ਬੱਚੇ ਦਾ ਮੁਹਾਂਦਰਾ ਦੱਸਣ ਵਾਂਗ ਮੁੱਢਲੀ ਅਵਸਥਾ ਸਮੇ ਬੋਲੀ ਦੀ ਪਛਾਣ ਕਰਨੀ ਵੀ ਮੁਸ਼ਕਿਲ ਜਿਹਾ ਕੰਮ ਏ।''(1)

ਪੰਜਾਬ ਵਿੱਚ ਕਿਸ ਲਿਪੀ ਦਾ ਵਰਤਾਰਾ ਸੀ ਤੇ ਇਸ ਦਾ ਨਾਂ ਕੀ ਸੀ? ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ।

• ਅਸਿਸਟੈਂਟ ਪ੍ਰੋਫ਼ੈਸਰ, ਗੋਰਮਿੰਟ ਕਾਲਜ ਯੂਨੀਵਰਸਿਟੀ, ਲਾਹੋਰ

''ਅਲ ਬੈਰੂਨੀ ਨੇ ਹਿੰਦ ਦੀਆਂ ਚਾਰ੍ਹਾਂ ਲਿਪੀਆਂ ਦਾ ਜ਼ਿਕਰ ਕੀਤਾ ਏ । ਉਸ ਵਿਚ ਇਕ ਅਰਧ ਨਾਗਰੀ ਨਾਂ ਦੀ ਲਿਪੀ ਏ । ਇਸ ਬਾਰੇ ਉਹ ਕਹਿੰਦਾ ਏ ਕਿ ਇਹ ਸਿਧ ਮਾਤਰਕਾ ਅਤੇ ਮਾਲਵਾ ਵਿਚ ਵਰਤੀਂਦੀ ਨਾਗਰ ਲਿਪੀ ਦੇ ਮੇਲ ਤੋਂ ਬਣੀ ਏ ਤੇ ਇਹ ਭਾਟੀ ਦੇਸ ਅਤੇ ਸਿੰਧ ਦੇ ਕੁਝ ਹਿਸਿਆਂ ਵਿਚ ਵਰਤੀ ਜਾਂਦੀ ਏ । ਅਰਧ ਨਾਗਰੀ ਦਸਵੇਂ ਸਦੀ ਵਿਚ ਭਟਾਖਰੀ ਦੇ ਰੂਪ ਵਿਚ ਪ੍ਰਚਲਤ ਹੋਈ । ਇਸ ਤੋਂ ਗੁਰਮੁਖੀ ਦਾ ਵਿਕਾਸ ਹੋਇਆ ਤੇ ਗੁਰਮੁਖੀ ਨਾਂ ਭਾਵੇਂ ਪੰਜ ਸੌ ਸਾਲ ਤੋਂ ਵੱਧ ਪੁਰਾਣਾ ਏ ਪਰ ਇਸ ਦੀ ਸ਼ਬਦਾਵਲੀ ਢੇਰ ਪੁਰਾਣੀ ਏ । ਈ ਪੀ ਨਈਓਟਨ ਦੇ ਕਹਿਣ ਮੂਜਬ ਕਿ ਗੁਰਮੁਖੀ ਦੇ ਪੈਂਤੀ ਅੱਖਰਾਂ ਵਿੱਚੋਂ ਘੱਟ ਤੋਂ ਘੱਟ 21 ਅੱਖਰ ਤਾਂ ਮਾੜੇ ਮੋਟੇ ਫ਼ਰਕ ਨਾਲ ਪ੍ਰਾਚੀਨ ਸਮੇ (ਰੱਬ ਲਿਖਤਾਂ) ਵਿਚ ਇਸ ਦਾ ਵਜੂਦ ਮਿਲਦਾ ਏ । ਇਸ ਦਾ ਵਜੂਦ ਕਿਸੇ ਇਕ ਸਦੀ ਵਿਚ ਨਹੀਂ ਮਿਲਦਾ ਸਗੋਂ ਤੀਜੀ ਸਦੀ ਈਸਵੀ ਤੋਂ ਲੈ ਕੇ ਦਸਵੇਂ ਸਦੀ ਈਸਵੀ ਤੱਕ ਮਿੱਲ ਜਾਂਦਾ ਏ''(2)

ਸਾਨੂੰ ਇਸ ਗੱਲ ਨੂੰ ਵੀ ਮੰਨਣਾ ਪਵੇ ਗਾ ਕਿ ਗੁਰਮੁਖੀ ਦਾ ਮੌਜੂਦਾ ਰੂਪ ਸਦੀਆਂ ਵਿਚ ਸਾਰਦਾ, ਟਾਕਰੀ ਤੇ ਲੰਡੇ ਤੂੰ ਬਦਲ ਕੇ ਆਇਆ। ਫਿਰ ਗੁਰਮੁਖੀ ਨਾਂ ਤੋਂ ਅਸੀਂ ਇਸ ਸ਼ੱਕ ਵਿਚ ਪੈ ਜਾਂਦੇ ਹਾਂ ਕਿ ਇਹ ਸਿੱਖ ਗੁਰੂਆਂ ਨੇ ਸਿਖਾਂ ਲਈ ਬਣਾਈ ਏ? ਜਾਂ ਇਹ ਸਿੱਖਾਂ ਦੀ ਧਰਮੀ ਬੋਲੀ ਏ? ਜਿਸ ਨੂੰ ਦੂਸਰੇ ਗੁਰੂ, ਗੁਰੂ ਅੰਗਦ ਸਾਹਿਬ ਜੀ ਦੇ ਮੁਖ ਤੋਂ ਨਿਕਲੀ ਲਿਪੀ ਆਖਦੇ ਨੇਂ ਉਨ੍ਹਾਂ ਲਈ ਇਨਾ ਈ ਕਾਫ਼ੀ ਏ ਕਿ ਮੂੰਹੋਂ ਬੋਲੀ ਨਿਕਲਦੀ ਏ ਲਿਪੀ ਨਹੀਂ। ਉਸ ਤੋਂ ਪਹਿਲਾਂ ਗੁਰੂ ਨਾਨਕ ਜੀ ਨੇ ਆਸਾ ਰਾਗ ਵਿਚ ਪੱਟੀ ਸਿਰਲੇਖ ਹੇਠ ਜੋ ''ਬਾਣੀ'' ਉਚਾਰੀ ਹੈ ਉਸ ਵਿਚ ਸਾਰੇ ਸ਼ਬਦ ਸ਼ਾਮਿਲ ਹਨ । ਬੱਸ ਉਨ੍ਹਾਂ ਦੀ ਤਰਤੀਬ ਦਾ ਫ਼ਰਕ ਹੈ।

ਇਹ ਸਾਰੀਆਂ ਗੱਲਾਂ ਪੰਜਾਬੀ ਜ਼ਬਾਨ ਦਾ ਵਿਕਾਸ ਰੋਕਣ ਲਈ ਅਤੇ ਆਉਣ ਵਾਲੀ ਪੀੜ੍ਹੀ ਨੂੰ ਗੁਰਮੁਖੀ ਤੋਂ ਦੂਰ ਕਰਨ ਲਈ ਇਕ ਖ਼ਾਸ ਸੋਚ ਕਰ ਰਹੀ ਏ । ਪੰਜਾਬ ਦੀ ਸਭਿਆ ਚਾਰਕ ਅਤੇ ਨੈਕਤਾ ਹਮੇਸ਼ ਤੋਂ ਈ ਇਸ ਦੀ ਤਾਕਤ ਰਹੀ । ਇਸ ਵਜ੍ਹਾ ਤੋਂ ਲੋਕਾਂ ਦੀ ਅਪਣੀ ਜ਼ਬਾਨ ਨਾਲ ਜੁੜਤ ਬਣੀ ਰਹੀ । ਇੱਥੇ ਆਪਣੇ ਆਪਣੇ ਧਰਮਾਂ ਨੂੰ ਪੰਜਾਬੀ ਜ਼ਬਾਨ ਵਿਚ ਇਸ ਪ੍ਰਕਾਰ ਬਿਆਨ ਕੀਤਾ ਸੀ ਕਿ ਲੋਕ ਉੱਸ ਨੂੰ ਮਨ ਨਾਲ ਪੜ੍ਹਦੇ ਤੇ ਸੁਣਦੇ ਸਨ । ਧਾਰਮਕ ਸਕੂਲਾਂ ਵਿਚ ਫ਼ਲਸਫ਼ਾ, ਮਨਤਿਕ, ਫ਼ਲਕੀਆਤ ਤੇ ਇਲਮ ਨਜੂਮ ਵਰਗੇ ਡੂੰਘੇ ਇਲਮਾਂ ਨੂੰ ਵੀ ਪੜ੍ਹਾਇਆ ਜਾਂਦਾ ਸੀ । ਉਸ ਦਾ ਵੱਡਾ ਸਹੁਰਾ ਸਾਡੇ ਪੰਜਾਬੀ ਅਦਬ ਦੇ ਉਹ ਮਹਾਨ ਪਾਰਖ ਹਨ ਜਿਹਨਾਂ ਅਪਣੀ ਧਾਰਮਕ, ਸਭਿਆਚਾਰਕ, ਰਹਿਤਲ, ਇਖ਼ਲਾਕੀਆਤ ਨੂੰ ਅਪਣੀ ਬੋਲੀ ਵਿਚ ਲਿਖ ਕੇ ਲੋਕਾਈ ਤੱਕ ਅਪੜਾਇਆ। ਉਨ੍ਹਾਂ ਜ਼ਿਆਦਾ ਤੱਰ ਇਨਸਾਨ ਦੋਸਤੀ ਨੂੰ ਇਲਾਹੀ ਬਾਣੀ(ਕਲਾਮ) ਵਿਚ ਥਾਂ ਦਤੀ। ਉਹ ਜ਼ਾਤ ਪਾਤ ਅਤੇ ਊਂਚ ਨੀਚ ਦੇ ਸਖ਼ਤ ਖ਼ਿਲਾਫ਼ ਸਨ ਪਰ ਪੰਜਾਬ ਤੋਂ ਬਾਹਰ ਉਨ੍ਹਾਂ ਦੀ ਗੱਲ ਨੂੰ ਘੱਟ ਸਮਝਿਆ ਗਿਆ। ਕਿਉਂ ਜੋ ਪੰਜਾਬ ਦੇ ਲੋਕੀ ਸ਼ੁਰੂ ਤੋਂ ਈ ਰਹਿਤਲ ਅਤੇ ਇਖ਼ਲਾਕੀਆਤ ਪੱਖੋਂ ਬਹੁਤ ਮਜ਼ਬੂਤ ਸਨ ਇਸ ਲਈ ਪੰਜਾਬ ਈ ਉਨ੍ਹਾਂ ਦੀ ਤਾਕਤ ਬਣਿਆ । ਉਨ੍ਹਾਂ ਪੰਜਾਬ ਦੇ ਵਸੇਬ ਵਿਚ ਇਸ ਪ੍ਰਕਾਰ ਦੇ ਵਾਧੇ ਕੀਤੇ ਜੋ ਪੰਜਾਬ ਨੂੰ ਸਾਂਝੀ ਵਾਲਤਾ ਵੱਲ ਲੈ ਗਏ। ਮਗ਼ਰਿਬ ਦੇ ਇਕ ਮਹਾਨ ਤਾਲੀਮ ਦੇ ਮਾਹਿਰ ਜੀ ਡਬਲੀਵ ਲਾਈਟਨਰ ਨੇ ਪੰਜਾਬ ਦੀ ਧਰਤੀ ਨੂੰ ਇੰਜ ਬਿਆਨਿਆ ਏ:

"The Punjab is classic ground. Not merely the celebrated country between the Sutlaj and the Jumna, but also the whole province teems with noble recollections. The history of its culture will tells us of a simple worship which long with stood the superstitions of the priests and warriors whom it had itself sent to conquer the south."[(3)]

ਪੰਜਾਬ ਦੇ ਵੱਖੋ ਵਖ ਧਰਮ ਹੋਣ ਦੇ ਬਾਵਜੂਦ ਵੀ ਲੋਕ ਇਕ ਦੂਸਰੇ ਦੀ ਮਦਦ ਰਹਿਤਲ ਤੇ ਬੋਲੀ ਦੇ ਅਧਾਰ ਤੇ ਉਸ ਪ੍ਰਕਾਰ ਕਰਦੇ ਜਿਵੇਂ ਦੋ ਜਿਸਮ ਇਕ ਰੂਹ ਹੋਵੇ । ਪੰਜਾਬ ਵਿੱਚ ਬਹੁਤ ਸਾਰੇ ਹਮਲਾ ਆਵਰ ਆਏ ਪਰ ਪੰਜਾਬੀਆਂ ਨੇ ਉਨ੍ਹਾਂ ਨੂੰ ਵਸਣ ਨਾ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਨੇ ਇਤਿਹਾਸ ਵਿਚ ਪਹਿਲੀ ਵਾਰ ਪੰਜਾਬ ਤੇ ਪੰਜਾਬੀ ਹੁਕਮਰਾਨ ਹੋਣ ਦਾ ਮਾਣ ਪਿਰਾਪਤ ਕੀਤਾ ਪਰ ਪੰਜਾਬੀਆਂ ਦੀ ਸਰਕਾਰ ਵੱਲੋਂ ਵੀ ਅਪਣੀ ਮਾਂ ਬੋਲੀ ਪੰਜਾਬੀ ਨੂੰ ਉਹ ਮਾਣ ਤੇ ਸਤਿਕਾਰ ਨਾ ਮਿਲਿਆ। ਜੋ ਪੰਜਾਬੀ ਸਰਕਾਰ ਨੂੰ ਦੇਣਾ ਚਾਹੀਦਾ ਸੀ। ਪਰ ਅਖ਼ੀਰ ਵੇਲੇ ਕੁੱਝ ਫ਼ੈਸਲੇ ਪੰਜਾਬੀ ਜ਼ਬਾਨ ਓ ਅਦਬ ਦੇ ਹੱਕ ਵਿਚ ਸਨ। ਜਿਸ ਨਾਲ ਪੰਜਾਬੀ ਮਾਂ ਬੋਲੀ ਦੇ ਕਾਆਦੇ ਹਰ ਘੱਰ ਵਿਚ ਪੜ੍ਹੇ ਜਾਵਣ ਲੱਗ ਪਏ ਪਰ ਅੰਗਰੇਜ਼ਾਂ ਨੇ ਆ ਕੇ ਸੱਭ ਤੋਂ ਪਹਿਲਾਂ ਇਹ ਕਾਆਦੇ ਯੂ ਪੀ, ਸੀ ਪੀ ਦੀ ਫ਼ੌਜ ਤੋਂ ਸੜਵਾਏ। ਤਾਂ ਜੇ ਪੰਜਾਬੀ ਅਪਣੀ ਜ਼ਬਾਨ ਤੇ ਅਪਣੀ ਰਹਿਤਲ ਭੁਲ ਜਾਵਣ । ਇਕ ਥਾਂ ਤੇ ਉਸ ਪ੍ਰਕਾਰ ਲਿਖਿਆ ਏ:

"ਅੰਗਰੇਜ਼ (ਪੰਜਾਬ) ਮੈਂ ਪੰਜਾਬੀ ਜਾਂ ਗੁਰਮੁਖੀ ਕੋ ਇਸ ਲੀਏ ਇਖ਼ਤਿਆਰ ਨਹੀਂ ਕਰ ਸਕਤੇ ਥੇ ਕਿਉਂਕਿ ਇਸ ਤਰ੍ਹਾਂ ਮਾਜ਼ੀ ਕਰੀਬ ਕੇ ਹਕਮਰਾਨੋਂ ਕੋ ਤਕਵੀਤ ਪਹੁੰਚਣੇ ਕਾ ਅੰਦੇਸ਼ਾ ਥਾ।"[(4)]

ਇਸ ਲਈ ਵੀ ਪੰਜਾਬੀ ਮੁਸਲਮਾਨਾਂ ਨੇ ਪੰਜਾਬੀ ਨੂੰ ਈ ਛੱਡ ਦਿੱਤਾ ਉਹਨਾਂ ਪੰਜਾਬੀ ਜ਼ਬਾਨ ਨੂੰ ਸ਼ਾਹਮੁਖੀ ਵਿਚ ਲਿਖਣ ਦੀ ਵੀ ਕੋਈ ਗੱਲ ਨਾ ਕੀਤੀ। ਬਾਬਾਏ ਉਰਦੂ ਮੌਲਵੀ ਅਬਦਾਲ ਹਕ ਨੇ ਸਿਰ ਸਿਕੰਦਰ ਹਯਾਤ ਖ਼ਾਂ ਨੂੰ ਇਕ ਚਿੱਠੀ ਲਿਖੀ ।

"ਪੰਜਾਬ ਉਰਦੂ ਕਾ ਗੜ੍ਹ ਹੈ ਔਰ ਤਕਰੀਬਨ ਅੱਸੀ ਸਾਲ ਸੇ ਮੁਸਲਸਲ ਉਰਦੂ ਕੀ ਕਾਬਲ ਕਦਰ ਖ਼ਿਦਮਤ ਕਰ ਰਿਹਾ ਹੈ ਔਰ ਉਸ ਹਕੂਮਤ ਮੈਂ ਹਿੰਦੁਸਤਾਨ ਕੇ ਸੱਭ ਸੋਬੋਂ ਮੈਂ ਪੇਸ਼ ਪੇਸ਼ ਹੈ। ਅਗਰ ਵਹਾਂ ਉਰਦੂ ਕੀ ਹੈਸੀਅਤ ਮੈਂ ਫ਼ਰਕ ਆਇਆ ਤੋ ਨਾ ਸਿਰਫ਼ ਅਹਿਲੇ ਪੰਜਾਬ ਕੋ ਬਲਕਿ ਹਿੰਦੁਸਤਾਨ ਕੇ ਮੁਕਾਮੀ ਉਰਦੂ ਦਾਨ ਤਬਕਾ ਕੋ ਜੋ ਮੁਲਕ ਮੈਂ ਬੜੀ ਅਹਿਮੀਅਤ ਰਖਤਾ ਹੈ, ਦਿੱਲੀ ਸਦਮਾ ਪਹੁੰਚੇ ਗਾ ਔਰ ਹਰ ਸੂਬਾ ਮੈਂ ਉਸ ਕੇ ਖ਼ਿਲਾਫ਼ ਸ਼ੋਰਿਸ਼ ਬਰਪਾ ਹੋ ਜਾਏ ਗੀ । ਯੂੰ ਤੋ ਹਮ ਮੈਂ ਸੈਂਕੜੋਂ ਇਖ਼ਤਲਾਫ਼ ਹੈਂ । ਯਹਾਂ ਤੱਕ ਕਿ ਮਜ਼ਹਬ ਭੀ ਇਸ ਸੇ ਨਹੀਂ ਬਚਾ । ਲੇਕਿਨ ਉਰਦੂ ਕੇ ਮਾਮਲੇ ਮੈਂ ਹਮ ਸੱਭ ਇਕ ਹੈਂ ।"[(5)]

ਇਸ ਬਾਰੇ ਮੁਸਤਫ਼ਾ ਬਰੇਲਵੀ ਨੇ ਖ਼ਾਲਸਾ ਦਰਬਾਰ ਵਿਚ ਫ਼ਾਰਸੀ ਨੂੰ ਇਸ ਪ੍ਰਕਾਰ ਬਿਆਨ ਕੀਤਾ ।

> ''ਮੁਸਲਮਾਨ ਸਿਰਫ਼ ਇੱਕ ਮਾਮਲੇ ਮੈਂ ਖ਼ੁੱਸ਼ ਕਿਸਮਤ ਹੈ ਔਰ ਵੋਹ ਖ਼ੁੱਸ਼ ਕਿਸਮਤੀ ਫ਼ਾਰਸੀ ਜ਼ਬਾਨ ਕਾ ਖ਼ਾਲਸਾ ਦਰਬਾਰ ਕੀ ਜ਼ਬਾਨ ਕੇ ਤੁਰ ਪਰ ਬਰਕਰਾਰ ਰਹਿਨਾ ਥਾ। ਨਤੀਜਾ ਯੇ ਕਿ ਮਾਲਮੀ ਕੇ ਪੇਸ਼ਾ ਮੈਂ ਮੁਸਲਮਾਨੋਂ ਕਾ ਥੋੜਾ ਵਿਕਾਰ ਕਾਇਮ ਰਿਹਾ ਔਰ ਫ਼ਾਰਸੀ ਲਿਟਰੇਚਰ ਕੇ ਸਹਾਰੇ ਮੁਸਲਮਾਨੋਂ ਕਾ ਕੌਮੀ ਰੂਹਾਨੀ ਜਜ਼ਬਾ ਭੀ ਬਰਕਰਾਰ ਰਿਹਾ।''(6)

ਡਾਕਟਰ ਨਵੀਦ ਸ਼ਹਿਜ਼ਾਦ ਨੇ ਇਸ ਗੱਲ ਦਾ ਜਵਾਬ ਅਪਣੀ ਪੁਸਤਕ ''ਪੰਜਾਬ ਕਾ ਲਿਸਾਨੀ ਮਿਜ਼ਾਜ'' ਵਿਚ ਇਸ ਪ੍ਰਕਾਰ ਦਿੱਤਾ ਏ ।

> ''ਯੇ ਕਹਿਨੇ ਮੈਂ ਬਾਕ ਨਹੀਂ ਕਿ **1856**ਈ. ਮੈਂ ਅੰਗਰੇਜ਼ ਹਾਕਮ ਕੀ ਜਾਨਿਬ ਸੇ ਪੰਜਾਬ ਮੈਂ ਮਹਿਕਮਾ ਤਾਲੀਮ ਕੇ ਕਿਆਮ ਕੇ ਸਾਥ ਸਾਥ ਇਕ ਬਦੇਸੀ ਜ਼ਬਾਨ ਕੀ ਜਗ੍ਹਾ ਦੂਸਰੀ ਬਦੇਸੀ ਜ਼ਬਾਨ ਕਾ ਨਫ਼ਾਜ਼ ਸਿਆਸੀ ਬੁਨਿਆਦ ਪਰ ਕੀਆ ਥਾ''(7)

ਉਸ ਵੇਲੇ ਦੇ ਕਪਟਨ ਮੀਕਵੀਲ ਜਿਹੜੇ ਮੁਲਤਾਨ ਦੇ **D . C** ਸਨ। ਉਨ੍ਹਾਂ ਪੰਜਾਬੀ ਜ਼ਬਾਨ ਬਾਰੇ ਸਰਕਾਰੀ ਬਿਆਨ ਜਾਰੀ ਕੀਤਾ ।

1 ਯੇ ਕੋਈ ਜ਼ਬਾਨ(ਪੰਜਾਬੀ) ਨਹੀਂ ਬਲਕਿ ਬੋਲੀ ਹੈ ।

2 ਜ਼ਿਲ੍ਹਾ ਗੋਗੀਰਾ ਮੈਂ ਉਸ ਕੀ ਕਚਹਿਰੀ ਕੀ ਜ਼ਬਾਨ ਬਨਾ ਦੇਨਾ ਐਸਾ ਹੀ ਹੈ ਜੈਸੇ ਸੋਮਰ ਸੀਟ(**Somerset**) ਕੀ ਦਿਹਾਤੀ ਬੋਲੀ ਕੋ ਇੰਗਲਿਸਤਾਨ ਕੀ ਕਚਹਿਰੀ ਕੀ ਜ਼ਬਾਨ ਕਰਾਰ ਦੇ ਦਇਆ ਜਾਏ।

3 ਪੰਜਾਬੀ ਬੋਲੀ ਮੁਤਲਬ ਕੇ ਬਾਰੀਕ ਫ਼ਰਕ ਔਰ ਮੁਨਤਕੀ ਖ਼ਿਆਲਾਤ ਕੋ ਸਿਹਤ ਕੇ ਸ਼ੋਬੇ ਜ਼ਾਹਰ ਨਹੀਂ ਕਰ ਸਕਤੀ, ਜਿਸ ਕੀ ਕਾਨੂਨੀ ਕਾਰਰਵਾਈਉਂ ਮੈਂ ਅਸ਼ਦ ਜ਼ਰੂਰਤ ਹੈ।

4 ਚੂੰਕਿ ਲੋਗ ਉਰਦੂ ਜ਼ਬਾਨ ਬਖ਼ੂਬੀ ਸਮਝ ਸਕਤੇ ਹੈਂ । ਇਸ ਲੀਏ ਪੰਜਾਬੀ ਜ਼ਬਾਨ ਕੇ ਇਸਤਮਾਲ ਕੀ ਜ਼ਰੂਰਤ ਨਹੀਂ ਹੈ ।

5 ਪੰਜਾਬੀ ਜ਼ਬਾਨ ਕਾ ਕੋਈ ਇਕ ਮਿਆਰ ਔਰ ਦਰਜਾ ਨਹੀਂ ਹੈ ਬਲਕਿ ਦਰੀਆਏ ਰਾਵੀ ਔਰ ਸਤਲੁਜ ਕੇ ਕੁਰਬ ਉ ਜਵਾਰ ਕੀ ਬੋਲੀਉਂ ਮੈਂ ਬੜਾ ਨੁਮਾਇਆਂ ਫ਼ਰਕ ਹੈ ।

6 ਪੰਜਾਬੀ ਫ਼ਾਰਸੀ ਹਰੂਫ਼ ਮੈਂ ਨਹੀਂ ਲਿਖੀ ਜਾ ਸਕਤੀ ਔਰ ਉਸ ਕੋ ਨਾਗਰੀ ਮੈਂ ਲਿਖਣੇ ਸੇ ਬਹੁਤ ਸੇ ਆਤਰਾਜ਼ਾਤ ਪੈਦਾ ਹੋਤੇ ਹੈਂ । ''(8)

ਅੰਗਰੇਜ਼ਾਂ ਦੀ ਪੰਜਾਬੀ ਬਾਰੇ ਇਸ ਸੋਚ ਤੋਂ ਬਾਅਦ ਕੋਈ ਵਿਰਲਾ ਹੋਵੇ ਗਾ ਜਿਹੜਾ ਇਹ ਨਾ ਸਮਝੇ ਕਿ ਅੰਗਰੇਜ਼ ਪੰਜਾਬੀਆਂ ਤੇ ਪੰਜਾਬੀ ਜ਼ਬਾਨ ਤੋਂ ਖ਼ੌਫ਼ ਰੱਖਦੇ ਸਨ। ਇਸ ਲਈ ਉਨ੍ਹਾਂ ਕਿਸੇ ਪ੍ਰਕਾਰ ਦੀ ਪੰਜਾਬੀ ਜ਼ਬਾਨ ਓ ਅਦਬ ਨੂੰ ਥਾਂ ਨਾ ਦਿੱਤੀ। ਦੂਜੇ ਪਾਸੇ ਪੰਜਾਬੀਆਂ ਨੇ ਅੰਗਰੇਜ਼ਾਂ ਖ਼ਿਲਾਫ਼ **90** ਫ਼ੀਸੱਦ ਤੋਂ ਜ਼ਿਆਦਾ ਤਹਿਰੀਕਾਂ ਚਲਾਈਆਂ

ਪਰ ਉਸ ਵਿਚ ਕੋਈ ਵੀ ਬੋਲੀ ਦੇ ਆਧਾਰ ਤੇ ਨਹੀਂ ਸੀ ਪਰ ਲਿਖਤੀ ਰੂਪ ਵਿਚ ਸਾਨੂੰ ਇਸ ਪ੍ਰਕਾਰ ਮਿਲਦਾ ਏ। ਇਸ ਬਾਰੇ ਭਾਈ ਗੁਰਮੁੱਖ ਸਿੰਘ ਦਾ ਕਹਿਣਾ ਸੀ ਕਿ:

> ''ਉਰਦੂ ਮੁਲਕ ਮੈਂ ਅੰਗਰੇਜ਼ੋਂ ਕੇ ਸਾਥ ਆਈ। ਉਸ ਸੇ ਕਬਲ ਸਿੱਖ ਦਰਬਾਰ ਕੀ ਜ਼ਬਾਨ ਫ਼ਾਰਸੀ ਥੀ। ਅੰਗਰੇਜ਼ੋਂ ਨੇ ਫ਼ਾਰਸੀ ਕੋ ਉਰਦੂ ਸੇ ਬਦਲਾ ਜੋ ਪਹਿਲੇ ਸੇ ਮੁਲਕ ਮੈਂ ਮੁਸਤਮਿਲ ਥੀ ਔਰ ਉਰਦੂ ਸੇ ਕਹੀਂ ਅਸਾਨ ਥੀ। ਦੂਸਰੀ ਤਰਫ਼ ਉਰਦੂ ਇਸ ਕਦਰ ਕਾਰਆਮਦ ਸਾਬਤ ਨਹੀਂ ਹੋਈ ਜੈਸੀ ਕ ਤਵੱਕੋ ਥੀ। ਦੁਕਾਨਦਾਰ ਪੰਜਾਬੀ ਜ਼ਬਾਨ ਲੰਡੇ ਹਰੂਫ਼ ਮੈਂ ਇਸਤਮਾਲ ਕਰਤੇ ਥੇ। ਬਹੁਤ ਸੇ ਹਿੰਦੂ ਸਿੱਖ ਮੁਸਲਮਾਨ ਗੁਰਮੁਖੀ ਮੈਂ ਪੰਜਾਬੀ ਇਸਤਮਾਲ ਕਰਤੇ ਥੇ। ਪੰਡਤ ਸੰਸਕ੍ਰਿਤ ਔਰ ਮੁਸਲਮਾਨ ਫ਼ਾਰਸੀ ਰਸਮ–ਉਲ–ਖ਼ਤ।''(9)

ਇਹ ਲੜਾਈ ਪੰਜਾਬੀ, ਅਦਬ ਦੀ ਜਾਂ ਗੁਰਮੁਖੀ ਲਿਪੀ ਦੀ ਨਹੀਂ ਸੀ ਬਲਕਿ ਅੰਗਰੇਜ਼ਾਂ ਖ਼ਿਲਾਫ਼ ਪੰਜਾਬੀ ਲੜਦੇ ਸਨ ਇਸ ਲਈ ਉਹ ਪੰਜਾਬੀ ਜ਼ਬਾਨ ਤੇ ਸਭਿਆਚਾਰਕ ਦੇ ਖ਼ਿਲਾਫ਼ ਹੋ ਗਏ ਇਸ ਤੋਂ ਇਲਾਵਾ ਕਟਰ ਹਿੰਦੂ ਵਾਦ ਵੱਲੋਂ ਹਿੰਦੀ, ਹਿੰਦੂ, ਹਿੰਦੁਸਤਾਨ ਦੇ ਨਾਅਰੇ ਨਾਲ ਪੰਜਾਬ ਵਿੱਚ ਸਾਂਝੀ ਵਾਲਤਾ ਭੰਗ ਹੋਈ ਤੇ ਮੁਸਲਮਾਨਾਂ ਵੱਲੋਂ ਇਸ ਦੇ ਖ਼ਿਲਾਫ਼ ਹਿੰਦੀ ਨੂੰ ਫ਼ਾਰਸੀ ਲਿਪੀ ਵਿਚ ਪ੍ਰਚਲਤ ਕਰਨਾ ਪਿਆ ਤੇ ਉਨ੍ਹਾਂ ਵੀ ਉਰਦੂ ਦਾ ਨਆਰਾ ਲਾਣਾ ਸ਼ੁਰੂ ਕਰ ਦਿੱਤਾ। ਨਾਅਰੇ ਦੇ ਨਾਲ ਨਾਲ ਉਨ੍ਹਾਂ ਪੰਜਾਬੀ ਜ਼ਬਾਨ ਦੇ ਮੁੱਢਲੇ ਕਲਾਸੀਕਲ ਸ਼ਾਇਰਾਂ ਦੀ ਸ਼ਾਇਰੀ ਨੂੰ ਵੀ ਬਦਲਣਾ ਸ਼ੁਰੂ ਕਰ ਦਿੱਤਾ ਜੀਵੇਂ ਬਾਬਾ ਫ਼ਰੀਦ ਜੀ ਦਾ ਇਕ ਨਵਾਂ ਸ਼ਲੋਕ ਸਾਮਣੇ ਆਇਆ ਏ ਤੇ ਉਰਦੂ ਵਾਲਿਆਂ ਇਸ ਨੂੰ ਇਸ ਪ੍ਰਕਾਰ ਲਿਖਿਆ ਏ, ਸ਼ਲੋਕ ਏ:

> ਜਾਗ ਫ਼ਰੀਦਾ ਸੁਤਿਆ, ਝਾੜੂ ਦੇ ਮਸੀਤ
> ਤੋ ਸੁਏ ਰੱਬ ਜਾਗੇ ਤੇਰੀ ਡਾਹਡੇ ਨਾਲ ਪ੍ਰੀਤ(10)

ਬਾਬਾ ਫ਼ਰੀਦ ਜੀ ਦੇ ਨਾਂ ਤੇ ਇਹ ਸ਼ਲੋਕ ਪੰਜਾਬੀ ਜ਼ਬਾਨ ਉ ਅਦਬ ਦੀ ਕਿਸੇ ਵੀ ਕਿਤਾਬ ਜਾਂ ਪੰਜਾਬੀ ਦੇ ਖੋਜ ਕਾਰਾਂ ਦੇ ਇਲਮ ਵਿਚ ਨਹੀਂ ਏ। ਸਿਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਵੀ ਇਹ ਸ਼ਲੋਕ ਦਰਜ ਨਹੀਂ ਅਤੇ ਨਾ ਈ ਪ੍ਰੋਫ਼ੈਸਰ ਪ੍ਰੀਤਮ ਸਿੰਘ ਹੋਰਾਂ ਅਪਣੀ ਮਹਾਨ ਪੁਸਤਕ ''ਗੁਰੂ ਗ੍ਰੰਥ ਸਾਹਿਬ ਵਾਲੇ ਬਾਬਾ ਫ਼ਰੀਦ ਜੀ ਦੀ ਭਾਲ'' ਵਿਚ ਕਿਤੇ ਕੋਈ ਜ਼ਿਕਰ ਕੀਤਾ ਏ। ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਇਸ ਨਾਲ ਮਿਲਦਾ ਸ਼ਲੋਕ ਹੈ ਜੋ ਇਸ ਪ੍ਰਕਾਰ ਹੈ ।

> ਫ਼ਰੀਦਾ ਬੇ ਨੀਮਾਜਾ ਕੁਤਿਅ ਏਹ ਨ ਭਲੀ ਰੀਤ
> ਕਬਹੀ ਚਲਿ ਨ ਆਇਆ ਪੰਜੇ ਵਕਤ ਮਸੀਤਿ(11)

ਫ਼ਿਰ ਇਸ ਦਾ ਅਰਥ ਇਸ ਪ੍ਰਕਾਰ ਕਿ ਬਾਬਾ ਫ਼ਰੀਦ ਜੀ ਦੀ ਜ਼ਬਾਨ ਉਰਦੂ ਨਾਲ ਮਿਲਦੀ ਸੀ। ਇਸ ਪ੍ਰਕਾਰ ਦੇ ਬਹੁਤ ਸਾਰੇ ਹਵਾਲੇ ਨੇਂ। ਕਿਸੇ ਵੇਲੇ ਜ਼ਬਾਨ, ਸਭਿਆਚਾਰਕ ਨੂੰ ਧਰਮ ਨਾਲ ਜੋੜ ਦਿੱਤਾ ਜਾਵੇ ਤਾਂ ਉਸ ਵੇਲੇ ਹਾਲਾਤ ਖ਼ਰਾਬ ਹੋ ਜਾਂਦੇ ਨੇਂ ਕਿਸੇ ਵੀ ਲਿਖਾਰੀ ਯਾਂ ਖੋਜਕਾਰ ਨੇ ਅਪਣੀ ਆਉਣ ਵਾਲੇ ਕਲ੍ਹ ਬਾਰੇ ਨਹੀਂ ਸੋਚਿਆ, ਹਰ ਲਿਖਣ ਵਾਲਾ ਧਰਮ ਦੀ ਬੋਲੀ ਨਾਲ ਇਕ ਦੂਜੇ ਨੂੰ ਵੰਡਦਾ ਰਿਹਾ ਤੇ ਫਿਰ ਵੰਡ ਹੋਈ ਤੇ ਪੰਜਾਬੀ ਆਪਣੇ ਪੰਜਾਬ

ਵਿਚ ਵੀ ਨਹੀਂ ਰਹੀ। ਵੰਡ ਤੋਂ ਬਾਅਦ ਪੰਜਾਬੀ ਜ਼ਬਾਨ ਨਾਲ ਉਹ ਸਲੂਕ ਹੋਇਆ, ਜੋ ਸ਼ਾਇਦ ਕੋਈ ਵੀ ਅਪਣੀ ਮਾਂ ਬੋਲੀ ਨਾਲ ਨਾ ਕਰ ਸਕੇ। ਮਾਰਚ **1951**ਈ. ਵਿਚ ਡਾਕਟਰ ਫ਼ਕੀਰ ਮੁਹੰਮਦ ਫ਼ਕੀਰ ਹੋਰਾਂ ਮਹੀਨਾ ਵਾਰ ''ਪੰਜਾਬੀ'' ਸ਼ੁਰੂ ਕੀਤਾ ਤੇ ਸਾਰੇ ਉਰਦੂ ਲਿਖਣ ਵਾਲੇ ਪੰਜਾਬੀਆਂ ਨੂੰ ਪੰਜਾਬੀ ਲਿਖਣ ਲਈ ਪ੍ਰੇਰਿਆ ਪਰ ਬਹੁਤ ਥੋੜੇ ਲੋਕ ਪੰਜਾਬੀ ਵੱਲ ਆਏ । ਡਾਕਟਰ ਫ਼ਕੀਰ ਮੁਹੰਮਦ ਫ਼ਕੀਰ ਹੋਰਾਂ ਲਿਖਿਆ ਏ:

> ''ਮੈਂ ਇਹ ਵੇਖਿਆ ਕੇ ਹੀਰ ਵਾਰਿਸ ਸ਼ਾਹ ਨੂੰ ਪੰਜਾਬ ਵਿੱਚ ਇਨੀ ਚਾਹਤ ਮਿਲੀ ਏ, ਇਨੀ ਡਾਕਟਰ ਸਰ ਮੁਹੰਮਦ ਇਕਬਾਲ ਜਿਹੇ ਬੇ ਨਜ਼ੀਰ ਲਿਆਕਤ ਵਾਲੇ ਸ਼ਾਇਰ ਦੀਆਂ ਕਿਤਾਬਾਂ ਨੂੰ ਵੀ ਨਹੀਂ ਮਿਲੀ।''(12)

ਪਾਕਿਸਤਾਨ ਬਣਨ ਮਗਰੋਂ **1948** ਈ. ਤੋਂ ਈ ਬੰਗਾਲੀਆਂ ਵੱਲੋਂ ਬੰਗਾਲੀ ਨੂੰ ਕੌਮੀ ਪੱਧਰ ਤੇ ਰਾਇਜ ਕਰਨ ਦੀ ਤਹਿਰੀਕ ਚੱਲਣਾ ਸ਼ੁਰੂ ਹੋਈ ਅਖ਼ੀਰ ਪਾਕਿਸਤਾਨ ਦੀ ਅਸੰਬਲੀ ਨੂੰ ਫ਼ੈਸਲਾ ਦੇਣਾ ਪਿਆ ।

> ''**7**, ਮਈ **1954** ਈ. ਕੋ ਪਾਕਿਸਤਾਨ ਦਸਤੂਰ ਸਾਜ਼ ਅਸੰਬਲੀ ਨੇ ਬੰਗਾਲੀ ਕੋ ਪਾਕਿਸਤਾਨ ਕੀ ਦੂਸਰੀ ਜ਼ਬਾਨ ਕਾ ਦਰਜਾ ਦੇ ਦੀਆ।''(13)

ਬੰਗਾਲੀ ਕੌਮੀ ਜ਼ਬਾਨ ਬਣਨ ਤੋਂ ਬਾਅਦ ਇਲਾਕਾਈ ਜ਼ਬਾਨਾਂ ਦੀਆਂ ਗੱਲਾਂ, ਹਰ ਬੰਦੇ ਦੇ ਮੂੰਹ ਦੇ ਉੱਤੇ ਆਉਣ ਲੱਗ ਪਈਆਂ ਤੇ ਛੇਤੀ ਹੀ ਕੁੱਝ ਪ੍ਰੇਮੀਆਂ ਵੱਲੋਂ ਲਾਹੌਰ ਵਿਚ ਪਹਿਲੀ ਇਲਾਕਾਈ ਜ਼ਬਾਨਾਂ ਦੀ ਕਾਨਫ਼ਰੰਸ ਹੋਈ। ਜਿਸ ਵਿੱਚ ਪਾਕਿਸਤਾਨ ਦੀਆਂ ਬਾਕੀ ਜ਼ਬਾਨਾਂ ਨੂੰ ਵੀ ਉਚੇਰਾ ਮੁਕਾਮ ਦਿਵਾਨ ਲਈ ਕਈ ਕਰਾਰਦਾਦਾਂ ਪਾਸ ਹੋਈਆਂ ਜੋ ਇਸ ਪ੍ਰਕਾਰ ਹੈ:

> ''**14** ,ਅਪ੍ਰੈਲ **1961** ਕੋ ਲਾਹੌਰ ਮੈਂ ਇਲਾਕਾਈ ਜ਼ਬਾਨੋਂ ਕੀ ਪਹਿਲੀ ਕਾਨਫ਼ਰੰਸ ਮੁਨਅਕਿਦ ਹੋਈ। ਪਹਿਲੀ ਕਾਨਫ਼ਰੰਸ ਸੇ ਖ਼ਿਤਾਬ ਕਰਤੇ ਹੋਏ ਪੰਜਾਬ ਯੂਨੀਵਰਸਿਟੀ ਕੇ ਵਾਈਸ ਚਾਂਸਲਰ ਮੀਆਂ ਅੱਫ਼ਜ਼ਲ ਹੁਸੈਨ ਨੇ ਕਹਾ ਕੇ ਕਈ ਜ਼ਬਾਨੋਂ ਕੀ ਤਰੱਕੀ ਕੀ ਪਾਲਿਸੀ ਮੈਂ ਹਮਾਰੇ ਕੌਮੀ, ਸਕਾਫ਼ਤੀ ਔਰ ਆਲਮੀ ਤਕਾਜ਼ੋਂ ਕੋ ਪੂਰਾ ਕਰ ਸਕਤੀ ਹੈ । ਸਦਾਰਤੀ ਖ਼ੁਤਬਾ ਮੈਂ ਪਿਸ਼ਾਵਰ ਯੂਨੀਵਰਸਿਟੀ ਕੇ ਡਾਇਰੈਕਟਰ ਪਸ਼ਤੋ ਅਕੈਡਮੀ, ਸਦਰ ਸ਼ੁਅਬਾ ਫ਼ਾਰਸੀ ਵ ਉਰਦੂ ਪ੍ਰੋਫ਼ੈਸਰ ਮੌਲਾਨਾ ਅਬਦਾਲ ਕਾਦਰ ਨੇ ਕਹਾ ਕੇ ਇਲਾਕਾਈ ਔਰ ਮਿਲੀ ਜ਼ਬਾਨੋਂ ਕੇ ਮਾਬੈਨ ਤਾਆਵਨ ਵਸਾਇਲ ਕੀ ਤਲਾਸ਼ ਵ ਤਜਸਸ ਕੇ ਲੀਏ ਹਕੂਮਤ ਕੋ ਇਕ ਕਮਿਸ਼ਨ ਮੁਕੱਰਰ ਕਰਨਾ ਚਾਹੀਏ। ਕਾਨਫ਼ਰੰਸ ਮੈਂ ਬਲੋਚੀ ਅਕੈਡਮੀ, ਪਸ਼ਤੋ ਅਕੈਡਮੀ, ਬਰੋਹੀ ਅਦਬੀ ਬੋਰਡ, ਸਿੰਧੀ ਅਦਬੀ ਬੋਰਡ, ਗੁਜਰਾਤੀ ਰਾਈਟਰਜ਼, ਪੰਜਾਬੀ ਅਦਬੀ ਅਕੈਡਮੀ ਕੇ **32** ਮਨਦੋਬੀਨ ਕੇ ਇਲਾਵਾ ਈਰਾਨ ਔਰ ਤੁਰਕੀ ਕੇ ਬਾਅਜ਼ ਲਿਸਾਨੀ ਇਦਾਰੋਂ ਕੇ ਸਾਤ ਨਮਾਇਨਦੋਂ ਨੇ ਸ਼ਿਰਕਤ ਕੀ।''(14)

ਮਾਰਚ **1965**ਈ. ਵਿਚ ਡਾਕਟਰ ਫ਼ਕੀਰ ਮੁਹੰਮਦ ਫ਼ਕੀਰ ਦੇ ਕਹਿਣ ਤੇ ਡਾਕਟਰ ਸੱਈਅਦ ਅਖ਼ਤਰ ਹੁਸੈਨ ਅਖ਼ਤਰ, ਹੁਸੈਨ ਸ਼ਾਦ ਤੇ ਸੱਈਅਦ ਸਿਬਤ ਅਲਹਸਨ ਜ਼ੈਗ਼ਮ ਸ਼ਾਹ ਸਾਹਿਬ ਹੋਰਾਂ ''ਲਹਿਰਾਂ'' ਨਾਂ ਦਾ ਇਕ ਰਸਾਲਾ ਸ਼ੁਰੂ ਕੀਤਾ ਜਿਸ ਦੇ ਐਡੀਟਰ ਡਾਕਟਰ ਸੱਈਅਦ ਅਖ਼ਤਰ ਹੁਸੈਨ ਅਖ਼ਤਰ ਬਣੇ ਤੇ ਉਹ ਰਸਾਲਾ ਹੁਣ ਵੀ ਚੱਲ ਰਿਹਾ ਏ।

ਇਸ ਮਗਰੋਂ ਹਿੰਦ ਪਾਕ ਦੀ ਜੰਗਾਂ ਨਾਲ ਇਲਾਕਾਈ ਜ਼ਬਾਨਾਂ ਦੀ ਤਰਕੀਕ ਨੂੰ ਇਕ ਵਾਰ ਫਿਰ ਰੋਕ ਲਗੀ ਤੇ ਇਹ ਕੰਮ ਉਸ ਵੇਲੇ ਸ਼ੁਰੂ ਹੋਇਆ ਜਦ ਸਿੰਧ ਵਿਚ ਸਿੰਧੀ ਦੀ ਭਰਵੀਂ ਤਹਿਰੀਕ ਸ਼ੁਰੂ ਹੋਈ । ਅਖ਼ੀਰ

> ''**6** ਜੁਲਾਈ **1972**ਈ . ਕੋ ਸਿੰਧ ਅਸੰਬਲੀ ਸੇ ਪਾਸ ਹੋਣੇ ਵਾਲਾ ਲਿਸਾਨੀ ਬਲ ਔਰ ਉਸ ਬਲ ਪਰ ਉਰਦੂ ਹਾਮੀਆਂ ਕੀ ਹੰਗਾਮਾ ਆਰਾਈ ਕੇ ਨਤੀਜੇ ਮੈਂ ਸਦਰਿ ਮਮਲਕਤ ਜ਼ੁਲਫ਼ਕਾਰ ਅਲੀ ਭੁੱਟੋ ਕੀ ਜਾਨਿਬ ਸੇ ਆਰਡੀਨੈਂਸ ਕਾ ਨਫ਼ਾਜ਼ ਹੈ, ਜਿਸ ਕੇ ਮੁਤਾਬਿਕ ਉਰਦੂ ਔਰ ਸਿੰਧੀ ਜ਼ਬਾਨ ਕੋ ਸੂਬਾ ਸਿੰਧ ਮੈਂ ਯਕਸਾਂ ਅਹਿਮੀਅਤ ਦੇ ਦੀ ਗਈ।'' (15)

ਇਸ ਬਿੱਲ ਤੋਂ ਬਾਅਦ ਪੰਜਾਬੀਆਂ ਨੂੰ ਕਝ ਹੋਸ਼ ਆਈ ਤੇ ਉਨ੍ਹਾਂ ਸਰਕਾਰ ਨੂੰ ਚਿੱਠੀਆਂ ਪਾਣੀਆਂ ਸ਼ੁਰੂ ਕੀਤੀਆਂ ਤੇ ਵਖ ਵਖ ਥਾਵਾਂ ਤੇ ਚਿੱਠੀਆਂ ਘੱਲ ਕੇ ਪੰਜਾਬੀ ਜ਼ਬਾਨ ਉ ਅਦਬ ਦੀ ਗੱਲ ਸ਼ੁਰੂ ਕੀਤੀ। ਉਸ ਵੇਲੇ ਪੰਜਾਬੀਆਂ ਦੀ ਇਕੋ ਮੰਗ ਸੀ ਕਿ ਸਿੰਧੀ ਅਦਬੀ ਬੋਰਡ ਵਾਂਗ ਪੰਜਾਬੀ ਅਦਬੀ ਬੁਰਦ ਵੀ ਬਣਾਇਆ ਜਾਵੇ। ਉਨ੍ਹਾਂ ਵਿਚ ਮੁਹੰਮਦ ਆਸਿਫ਼ ਖ਼ਾਂ, ਨਜਮ ਹੁਸੈਨ ਸੱਈਅਦ, ਸੱਈਅਦ ਸਿਬਤ ਅਲਹਸਨ ਜ਼ੈਗ਼ਮ ਸ਼ਾਹ, ਐਨ ਅਲਹਕ ਫ਼ਰੀਦ ਕੋਟੀ, ਮੁਸ਼ਤਾਕ ਸੂਫ਼ੀ, ਸ਼ਫ਼ਕਤ ਤਨਵੀਰ ਮਿਰਜ਼ਾ, ਅਲੀ ਅੱਬਾਸ ਜਲਾਲਪੁਰੀ, ਰਾਜਾ ਰਸਾਲੂ, ਸ਼ਰੀਫ਼ ਕੁੰਜਾਹੀ, ਅਹਿਮਦ ਰਾਹੀ , ਕੰਵਲ ਮੁਸ਼ਤਾਕ ਦੇ ਨਾਂ ਖ਼ਾਸ ਤੌਰ ਤੇ ਸ਼ਾਮਿਲ ਸਨ ਤੇ ਉਹ ਆਪਣੇ ਕੰਮ ਵਿਚ ਸਫਲ ਹੋਏ ।

1980ਈ. ਤੋਂ ਬਾਅਦ ਪੰਜਾਬ ਵਿੱਚ ਵੱਖ ਵੱਖ ਥਾਵਾਂ ਤੋਂ ਪੰਜਾਬੀ ਰਸਾਲੇ ਨਿਕਲਣਾ ਸ਼ੁਰੂ ਹੋਏ। ਜਿਹੜੇ **90** ਤੱਕ ਕੁੱਝ ਚਲਦੇ ਰਹੇ ਤੇ ਕੁੱਝ ਬੰਦ ਹੋਏ ਉਨ੍ਹਾਂ ਵਿੱਚੋਂ ਰਸਾਲਾ ''ਲਿਖਾਰੀ'', ''ਰਵੇਲ'' ਤੇ ''ਸਵੇਰ ਇੰਟਰਨੈਸ਼ਨਲ'' ਮੁਖ ਤੌਰ ਤੇ ਸ਼ਾਮਿਲ ਹਨ । ਹਿਜਨਾਂ ਵਿਚ ਗੁਰਮੁਖੀ ਤੋਂ ਲਿਪੀ ਅੰਤਰ ਕਰ ਕੇ ਮਵਾਦ ਵੀ ਛਾਪਦੇ ਰਹੇ।

ਪਾਕਿਸਤਾਨ ਵਿੱਚ ਜਿਥੇ ਪੰਜਾਬੀ ਜ਼ਬਾਨ ਦਾ ਵਿਕਾਸ ਨਜ਼ਰ ਨਹੀਂ ਆ ਰਿਹਾ ਸੀ। ਇੱਥੇ ਗੁਰਮੁਖੀ ਦੀ ਗੱਲ ਨਾ ਹੋਣ ਦੇ ਬਰਾਬਰ ਸੀ ਪਰ ਕੁੱਝ ਅਜਿਹੇ ਬਜ਼ੁਰਗ ਸਨ ਜਿਹੜੇ ਚੜ੍ਹਦੇ ਪੰਜਾਬ ਦੇ ਅਖ਼ਬਾਰ, ਰਸਾਲੇ ਮੰਗਵਾ ਕੇ ਪੜ੍ਹਦੇ ਸਨ। ਉਨ੍ਹਾਂ ਵਿੱਚੋਂ ਵੱਡੇ ਨਾਂ ਮੁਹੰਮਦ ਆਸਿਫ਼ ਖ਼ਾਂ, ਸਿਬਤ ਅਲਹਸਨ ਜ਼ੈਗ਼ਮ, ਸ਼ਰੀਫ਼ ਕੁੰਜਾਹੀ, ਜਮੀਲ ਅਹਿਮਦ ਪਾਲ, ਇਲਿਆਸ ਘੁੰਮਣ, ਇਕਬਾਲ ਕੇਸਰ, ਗ਼ੁਲਾਮ ਮੁਸਤਫ਼ਾ ਬਿਸਮਿਲ ਸ਼ਾਮਲ ਹਨ। ਜਿਹੜੇ ਨਾ ਸਿਰਫ਼ ਆਪ ਪੜ੍ਹਦੇ ਸਗੋਂ ਜੋ ਸਿੱਖਣ ਆਉਂਦੇ ਉੱਸ ਨੂੰ ਪੰਜਾਬੀ ਦੇ ਨਾਲ ਨਾਲ ਗੁਰਮੁਖੀ ਸਿੱਖਣ ਦੀ ਪ੍ਰੇਰਨਾ ਦਿੰਦੇ। ਇੱਥੇ ਇਕ ਹੋਰ ਮਹਾਨ ਲੇਖਕ, ਪਾਰਖ ਤੇ ਖੋਜ ਕਾਰ ਪ੍ਰੋਫ਼ੈਸਰ ਡਾਕਟਰ ਸ਼ਹਿਬਾਜ਼ ਮੁਲਕ ਜਿਹਨਾਂ **1981**ਈ. ਵਿਚ ''ਪੱਤਰ ਵਿਹਾਰ ਵਿਭਾਗ'' ਪੰਜਾਬ ਯੂਨੀਵਰਸਿਟੀ, ਪਟਿਆਲਾ ਵੱਲੋਂ ਪੰਜਾਬੀ ਪਰਵੀਸ਼ਕਾ ਕੋਰਸ ਕੀਤਾ। ਇਸ ਵਿਚ ਉਨ੍ਹਾਂ ਨਾ ਸਿਰਫ਼ ਪਹਿਲਾ ਅਸਥਾਨ ਪਰਾਪਤ ਕੀਤਾ ਸਗੋਂ ਉਨ੍ਹਾਂ ਨੂੰ ਪਟਿਆਲਾ ਯੂਨੀਵਰਸਿਟੀ ਵੱਲੋਂ ਗੋਲਡ ਮੈਡਲ ਵੀ ਦਿੱਤਾ ਗਿਆ।''(16)

1990ਈ. ਤੋਂ ਬਾਅਦ ਯੂਨੀਵਰਸਿਟੀਆਂ ਵਿਚ ਐਮ ਫ਼ਲ ਤੇ ਪੀ ਐਚ ਡੀ ਦੇ ਆਉਣ ਨਾਲ ਪੰਜਾਬੀ ਉਸਤਾਦਾਂ ਵੱਲੋਂ ਗੁਰਮੁਖੀ ਦੀ ਜ਼ਰੂਰਤ ਨੂੰ ਮਹਸੂਸ ਕੀਤਾ ਗਿਆ ਤਾਂ ਉਨ੍ਹਾਂ ਇਸ ਨੂੰ ਪੀ ਐਚ ਡੀ ਵਿਚ ਪੜ੍ਹਨਾ ਲਿਖਣਾ ਸ਼ੁਰੂ ਕੀਤਾ ।

1990ਈ. ਤੋਂ ਬਾਅਦ ਦੋਹਾਂ ਪੰਜਾਬਾਂ ਤੋਂ ਅੱਡ ਬਾਹਰ ਵਸਦੇ ਪੰਜਾਬੀਆਂ ਨੇ ਕਾਨਫ਼ਰੰਸ ਤੇ ਸੈਮੀਨਾਰਾਂ ਰਾਹੀਂ ਪੰਜਾਬੀ ਦੀਆਂ ਦੋਹਾਂ ਲਿਪੀਆਂ ਦੇ ਸਿੱਖਣ ਤੇ ਜ਼ੋਰ ਦਿੱਤਾ ਤੇ ਆਖਿਆ ਕ ਚੜ੍ਹਦੇ ਪੰਜਾਬ ਵਿੱਚ ਸ਼ਾਹਮੁੱਖੀ ਤੇ ਲੈਂਦੇ ਪੰਜਾਬ ਵਿੱਚ ਗੁਰਮੁਖੀ ਦਾ ਵਿਕਾਸ ਜ਼ਰੂਰੀ ਏ।

1992 ਈ. ਦੇ ਸ਼ੁਰੂ ਵਿਚ ਪ੍ਰੋਫ਼ੈਸਰ ਡਾਕਟਰ ਜਮੀਲ ਅਹਿਮਦ ਪਾਲ, ਇਲਿਆਸ ਘੁੰਮਣ, ਇਕਬਾਲ ਕੇਸਰ ਹੋਰਾਂ ਇਕ ਹਫ਼ਤਾ ਵਾਰ ਪੰਜਾਬੀ ਰਸਾਲਾ ''ਰਵੇਲ'' ਸ਼ੁਰੂ ਕੀਤਾ ਤੇ ਬਾਅਦ ਵਿੱਚ ਇਕਬਾਲ ਕੇਸਰ, ਅੱਫ਼ਜ਼ਲ ਸਾਹਿਰ , ਨੂਰ-ਉਲ-ਐਨ ਸਾਦੀਆ ਤੇ ਅਬਦਾਲਹਫ਼ੀਜ਼ ਇਹਦਾ ਹਿੱਸਾ ਬਣੇ । ''ਰਵੇਲ'' ਦੀ ਕਾਮਯਾਬੀ ਤੋਂ ਬਾਅਦ ਉਨ੍ਹਾਂ ਗੁਰਮੁਖੀ ,ਸ਼ਾਹ ਮੁਖੀ ਦੀ ਕੰਪੋਜ਼ਿੰਗ ਦਾ ਅਦਾਰਾ ''ਸੁਲੇਖ'' ਵੀ ਬਣਾਇਆ (ਜਿਹੜਾ ਅੱਜ ਵੀ ਪੰਜਾਬੀ ਦੀ ਸੇਵਾ ਕਰ ਰਿਹਾ ਏ) ਇਹ ਗੁਰਮੁਖੀ ਕੰਪੋਜ਼ਿੰਗ ਦਾ ਪਹਿਲਾ ਅਦਾਰਾ ਸੀ। ਜਿਹੜਾ ਗੁਰਮੁਖੀ ਤੋਂ ਸ਼ਾਹ ਮੱਖੀ ਤੇ ਸ਼ਾਹ ਮੁਖੀ ਤੋਂ ਗੁਰਮੁਖੀ ਵੀ ਕਰਦਾ ਸੀ। ਇਨ੍ਹਾਂ ਸਾਰੀਆਂ ਦੋਸਤਾਂ ਇਕ ''ਪੰਜਾਬੀ ਸਾਇੰਸ ਬੋਰਡ'' ਨਾਂ ਦਾ ਬੋਰਡ ਵੀ ਬਣਾਇਆ ਜਿਹਦੇ ਰਾਹੀਂ ਪੰਜਾਬੀ ਵਿੱਚ ਕਿਤਾਬਾਂ ਛਾਪਿਆਂ ਜਾਂਦੀਆਂ ਸਨ। ਇਸ ਅਦਾਰੇ ਦਾ ਮੋਟੋ ਸੀ ''ਜਹਾਨ ਦੇ ਕੁਲ ਇਲਮ ਪੰਜਾਬੀ ਵਿੱਚ'' ਤੇ ਸਾਇੰਸ ਦੀਆਂ ਕੁੱਝ ਕਿਤਾਬਾਂ ਪੰਜਾਬੀ ਵਿੱਚ ਛਾਪਿਆਂ ਵੀ ਗਈਆਂ । ਇਨ੍ਹਾਂ ਬਾਲ ਅਦਬ ਲਈ ਇਕ ਮਹੀਨਾ ਵਾਰ ਰਸਾਲਾ ''ਮੀਟੀ'' ਕੱਢਿਆ ਜਿਸ ਵਿੱਚ ਚੜ੍ਹਦੇ ਪੰਜਾਬ ਦੇ ਲਿਖਾਰੀਆਂ ਦੀਆਂ ਬਾਲ ਲਿਖਤਾਂ ਵੀ ਉਲਥਾ ਕਰ ਕੇ ਛਾਪਿਆਂ ਜਾਂਦੀਆਂ ਸਨ ਤੇ ਇਹ (ਪਾਕਿਸਤਾਨੀ ਪੰਜਾਬ) ਵਿੱਚ ਕਲਮ ਇਕੱਲਾ ਪੰਜਾਬੀ ਬਾਲ ਅਦਬ ਦਾ ਰਸਾਲਾ ਸੀ।

1996ਈ. ਵਿਚ ਅਸ਼ਰਫ਼ ਸੁਹੇਲ ਹੋਰਾਂ ''ਪਖੇਰੂ'' ਨਾਂ ਨੂੰ ਪੰਜਾਬੀ ਬਾਲ ਅਦਬ ਦਾ ਅਪਣਾ ਰਸਾਲਾ ਕੱਢਿਆ। ਜਿਸ ਵਿੱਚ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਬਾਲ ਲਿਖਾਰੀਆਂ ਦੀਆਂ ਲਿਖਤਾਂ ਸ਼ਾਮਲ ਕੀਤੀਆਂ ਗਈਆਂ ਚੇਤੇ ਰਹਿਵੇ ਕਿ ਉਨ੍ਹਾਂ ਬਾਲ ਅਦਬ ਦੀਆਂ ''ਮਨੀ ਨਜ਼ਮਾਂ'' ਸਤੰਬਰ**94** ਵਿਚ ਦੋਹਾਂ ਪੰਜਾਬਾਂ ਦੀਆਂ ਗੁਰਮੁਖੀ ਤੋਂ ਸ਼ਾਹ ਮੁਖੀ ਵਿਚ ਛਾਪ ਚੁੱਕੇ ਸਨ ਤੇ ਜੁਲਾਈ **96**ਈ. ਵਿਚ ਅਮ੍ਰਿਤਾ ਪ੍ਰੀਤਮ ਦਾ ਨਾਵਲ ''ਚਕ ਨੰਬਰ **36**'' ਵੀ ਗੁਰਮੁਖੀ ਤੋਂ ਉਲਥਾ ਕਰ ਕੇ ਸ਼ਾਹਮੁਖੀ ਵਿਚ ਛਾਪਿਆ। **99**ਈ. ਵਿਚ ਉਨ੍ਹਾਂ ਸਰਕਾਰੀ ਤੋਰ ਤੇ ਪੰਜਾਬੀ ਬਾਲ ਅਦਬੀ ਬੋਰਡ ਮਨਜ਼ੂਰ ਕਰਵਾ ਕੇ ''ਪਖੇਰੂ'' ਨੂੰ ਇਸ ਦੇ ਅਧੀਨ ਕਰ ਦਿੱਤਾ ।

2002ਈ. ਵਿਚ ਪੰਜਾਬ ਯੂਨੀਵਰਸਿਟੀ ਵਿਚ ਰੈਗੂਲਰ ਪੀ ਐਚ ਡੀ, ਪ੍ਰੋਗਰਾਮ (ਸਮੈਸਟਰ ਸਿਸਟਮ) ਸ਼ੁਰੂ ਹੋਇਆ। ਪੀ ਐਚ ਡੀ, ਵਿੱਚ ਗੁਰਮੁਖੀ ਕੋਰਸ ਪੜ੍ਹਨਾ ਲਾਜ਼ਿਮ ਕੀਤਾ ਗਿਆ। ਪੀ ਐਚ ਡੀ ਦੇ ਮਕਾਲੀਆਂ ਲਈ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਅਦਬ ਬਾਰੇ ਕਈ ਮੌਜ਼ੂਅ ਦਿੱਤੇ ਗਏ। ਜਿਸ ਨਾਲ ਪਾਕਿਸਤਾਨੀ ਪੰਜਾਬ ਵਿੱਚ ਗੁਰਮੁਖੀ ਵਿਚ ਲਿਖੇ ਅਦਬ ਤੇ ਉਸ ਵਿਚ ਹੋਏ ਕੰਮ ਨੂੰ ਵਿਖਣ ਨੂੰ ਪ੍ਰਵਾਨਗੀ ਮਿਲੀ। ਖ਼ਾਸ ਤੋਰ ਤੇ ਅਬਾਦ ਨਬੀਲ ਸ਼ਾਦ ਦਾ ਮਕਾਲਾ ''ਪੰਜਾਬੀ ਵਿੱਚ ਆਪ ਬੀਤੀ ਦੀ ਰਵਾਇਤ'' ਤੇ ਅਰਸ਼ਦ ਇਕਬਾਲ ਅਰਸ਼ਦ ਦਾ ਮਕਾਲਾ ''ਪੰਜਾਬੀ ਸਫ਼ਰ ਨਾਮਾ ਤਾਰੀਖ਼ ਤੇ ਤਜਜ਼ੀਆ'' ਜ਼ਿਕਰ ਜੋਗ ਹਨ। ਨਗਹਤ ਖ਼ੁਰਸ਼ੀਦ, ਜ਼ਹਿਰ ਅਹਿਮਦ ਸ਼ਫ਼ੀਕ ਤੇ ਡਾਕਟਰ ਸਲੀਮ ਹੋਰਾਂ ਦੇ ਮਕਾਲੀਆਂ ਵਿਚ ਵੀ ਹਿੰਦੁਸਤਾਨੀ ਪੰਜਾਬੀ ਅਦਬ ਸ਼ਾਂਮਲ ਸੀ।

ਇਕ ਫ਼ਰਵਰੀ **2004**ਈ. ਨੂੰ ਚੜ੍ਹਦੇ ਪੰਜਾਬ ਦੇ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਹਿੰਦੇ ਪੰਜਾਬ ਦੇ ਮੁਖ ਮੰਤਰੀ ਪ੍ਰਵੇਜ਼ ਇਲਾਹੀ ਨੂੰ ਮਸ਼ਵਰਾ ਦਿੱਤਾ ਕਿ ਪਾਕਿਸਤਾਨੀ ਪੰਜਾਬ ਵਿਚ ਹਿੰਦੁਸਤਾਨੀ ਪੰਜਾਬ ਵਾਂਗ ਪੰਜਾਬੀ ਜ਼ਬਾਨ ਉ ਅਦਬ ਦੀ ਲਿਖਾਈ ਪੜ੍ਹਾਈ ਕਰ ਲੈ ਤੇ ਮੁੱਢਲੀ ਤਾਲੀਮ ਵਿਚ ਪੰਜਾਬੀ ਜ਼ਬਾਨ ਨੂੰ ਲਾਜ਼ਮੀ ਕਰਾਰ ਦਿੱਤੀ ਜਾਵੇ। ਕੈਪਟਨ ਸਾਹਿਬ ਦਾ ਇਹ ਮਸ਼ਵਰਾ ਬਿਲਕੁਲ ਉਹ ਹੀ ਵਾਲਾ ਮਸ਼ਵਰਾ ਜਿਹੜਾ **100** ਸਾਲ ਪਹਿਲਾਂ ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਿਰ ਚੀਟਰ ਜੀ ਨੇ ਤਜਵੀਜ਼ ਪੇਸ਼ ਕੀਤੀ ਸੀ ਕਿ:

> ''ਪੰਜਾਬ ਮੈਂ ਉਰਦੂ ਕੀ ਬਜਾਏ ਪੰਜਾਬੀ ਕੋਂ ਜ਼ਰੀਆ ਤਾਲੀਮ ਬਨਾਇਆ ਜਾਏ। ਉਸ ਕੀ ਪੰਜਾਬ ਕੇ ਮੁਸਲਮਾਨੋਂ ਮੈਂ ਮੁਖ਼ਾਲਫ਼ਤ ਕਾ ਇਕ ਤੂਫ਼ਾਨ ਉਠ ਖੜਾ ਹਵਾ। ਅਖ਼ਬਾਰਾਤ ਨੇ ਆਪਣੇ ਇਦਾਰੀਉਂ ਔਰ ਖ਼ਸੂਸੀ ਮਜ਼ਾਮੀਨ ਮੈਂ ਉਸ ਤਜਵੀਜ਼ ਕੀ ''ਸਗ਼ਵੀਤ'' ਕੋ ਨੁਮਾਇਆਂ ਕਰਤੇ ਹੋਏ ਉਸੇ ਪੰਜਾਬ ਕੀ ਤਹਿਜ਼ੀਬੀ ਔਰ ਸਿਆਸੀ ਸ਼ਖ਼ਸੀਅਤ ਕੇ ਖ਼ਿਲਾਫ਼ ਇਕ ਘਿਨਾਉਣੀ ਸਾਜ਼ਿਸ਼ ਕਰਾਰ ਦੀਆ ਥਾ।”(17)

ਮਾਰਚ **2004**ਈ . ਵਿਚ ਸੱਈਅਦ ਸਿਬਤ ਅਲ ਹਸਨ ਜ਼ੈਗ਼ਮ ਦੇ ਕਹਿਣ ਤੇ ਡਾਕਟਰ ਸੱਈਅਦ ਅਖ਼ਤਰ ਹੁਸੈਨ ਅਖ਼ਤਰ ਹੋਰਾਂ ''ਲਹਿਰਾਂ'' ਵਿਚ **4** ਸਫ਼ੇ ਗੁਰਮੁਖੀ ਦੇ ਲਾਣੇ ਸ਼ੁਰੂ ਕੀਤੇ ਇਸ ਦੀ ਸੇਵਾ ਦਾਸ (ਕਲਿਆਣ ਸਿੰਘ ਕਲਿਆਣ) ਹੋਰਾਂ ਨੂੰ ਦਿੱਤੀ ਗਈ। ਪਹਿਲੇ ਪਹਿਲੇ ਤਾਂ ਇਸ ਵਿਚ ਬਹੁਤ ਸਾਰੀਆਂ ਗ਼ਲਤੀਆਂ ਸਨ। ਜਿਸ ਨੂੰ ਪ੍ਰੋਫ਼ੈਸਰ ਪ੍ਰੀਤਮ ਸਿੰਘ ਜੀ ਹੋਰਾਂ ਨੇ ਅਪਣੀ ਇਕ ਚਿੱਠੀ ਵਿਚ ਇਸ ਗੱਲ ਦਾ ਪ੍ਰਗਟਾਵਾ ਵੀ ਕੀਤਾ ਤੇ ਫਿਰ ਡਾਕਟਰ ਸੱਈਅਦ ਅਖ਼ਤਰ ਹੁਸੈਨ ਅਖ਼ਤਰ ਨੇ ਇਸ ਨੂੰ ਪ੍ਰੋਫ਼ੈਸਰ ਆਸ਼ਿਕ ਰਹੀਲ ਸਾਹਿਬ ਹੋਰਾਂ ਕੋਲੋਂ ਚੈੱਕ ਕਰਵਾ ਕੇ ਲਹਿਰਾਂ ਵਿਚ ਲਾਣਾ ਸ਼ੁਰੂ ਕੀਤਾ। ਇਹ ਤਕਰੀਬਨ **3** ਸਾਲ ਤੱਕ ਗੁਰਮੁਖੀ ਸੈਕਸ਼ਨ ਚਲਦਾ ਰਿਹਾ ਏ ਜਿਹੜਾ ਬਾਅਦ ਵਿੱਚ ਇੱਕ ਦੋ ਸਫ਼ੇ ਤੱਕ ਮਹਿਦੂਦ ਰਹਿਣ ਤੋਂ ਬਾਅਦ ਡਾਕਟਰ ਸੱਈਅਦ ਅਖ਼ਤਰ ਹੁਸੈਨ ਅਖ਼ਤਰ ਦੇ ਚਲਾਣੇ ਤੋਂ ਮਗਰੋਂ ਗੁਰਮੁਖੀ ਸੈਸ਼ਨ ਬੰਦ ਕਰ ਦਿੱਤਾ ਗਿਆ।

ਪਾਕਿਸਤਾਨੀ ਪੰਜਾਬ ਦੇ ਮੁਖ ਮੰਤਰੀ ਪ੍ਰਵੇਜ਼ ਇਲਾਹੀ ਹੋਰਾਂ ਚੜ੍ਹਦੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਗੱਲ ਨੂੰ ਮਨ ਕੇ ਪੰਜਾਬੀ ਜ਼ਬਾਨ ਲਈ ਇਕ ਇੰਸਟੀ ਟਿਊਟ ਬਣਾਇਆ। ਜਿਸ ਦਾ ਨਾਂ ''ਪੰਜਾਬ ਇੰਸਟੀਚਿਊਟ ਆਫ਼ ਲੈਂਗੁਏਜ਼, ਆਰਟ ਐਂਡ ਕਲਚਰ'' ਰੱਖਿਆ ਗਿਆ। ਜਿਹੜਾ ਅੱਜ ਵੀ ਪੰਜਾਬੀ ਜ਼ਬਾਨ ਲਈ ਕੰਮ ਕਰ ਰਿਹਾ ਏ ਤੇ ਇਸ ਵਿਚ ਗੁਰਮੁਖੀ ਕੋਰਸ ਦੀਆਂ ਕਲਾਸਾਂ **2009**ਈ. ਤੋਂ ਸ਼ੁਰੂ ਹੋਇਆਂ ਹੁਣ ਤੱਕ **4** ਕਲਾਸਾਂ ਪੜ੍ਹਾਈਆਂ ਗਈਆਂ ਨੇਂ ਤਿੰਨ ਕਲਾਸਾਂ ਨੂੰ ਪ੍ਰੋਫ਼ੈਸਰ ਡਾਕਟਰ ਜਮੀਲ ਅਹਿਮਦ ਪਾਲ ਹੋਰਾਂ ਪੜ੍ਹਾਈਆਂ ਤੇ ਚੋਥੀ ਵਾਰ ਇਸ ਕਲਾਮ ਲਈ ਦਾਸ ਦੀ ਸੇਵਾ ਲਾਈ ਗਈ। ਇਸ ਤੋਂ ਇਲਾਵਾ ਪੰਜਾਬ ਦੀਆਂ ਤਿੰਨ ਵੱਡੀਆਂ ਯੂਨੀਵਰਸਿਟੀਆਂ ''ਪੰਜਾਬ ਯੂਨੀਵਰਸਿਟੀ ਲਾਹੋਰ, ਲਾਹੋਰ ਕਾਲਜ ਫ਼ਾਰ ਵਵੀਮਨ ਯੂਨੀਵਰਸਿਟੀ, ਗੋਰਮਿੰਟ ਕਾਲਜ ਯੂਨੀਵਰਸਿਟੀ, ਲਾਹੋਰ'' ਵੱਲੋਂ ਐਮ ਫ਼ਲ, ਤੇ ਪੀ ਐਚ ਡੀ, ਵਿਚ ਗੁਰਮੁਖੀ ਪੜ੍ਹਨਾ ਜ਼ਰੂਰੀ ਏ ਪਰ ਗੋਰਮਿੰਟ ਕਾਲਜ ਯੂਨੀਵਰਸਿਟੀ ਵਿਚ **2013**ਈ ਤੋਂ ਬੀ ਏ ਆਨਰ ਵਿਚ ਗੁਰਮੁਖੀ ਲਾਜ਼ਮੀ ਕਰਾਰ ਦਿਤੀ ਏ ਤੇ ਵਿਦਿਆਰਥੀਆਂ ਨੂੰ ਗੁਰਮੁਖੀ ਤੋਂ ਬਗ਼ੈਰ ਐਮ ਏ ਦੀ ਡਿਗਰੀ ਨਹੀਂ ਮਿਲਦੀ। ਇਸ ਲਈ ਪੂਰਾ ਇਕ ਸਮੈਸਟਰ ਗੁਰਮੁਖੀ ਲਈ ਰੱਖਿਆ ਗਿਆ ਏ। ਗੁਰਮੁਖੀ ਪੜ੍ਹਾਈ ਲਿਖਾਈ ਕਾਆਦੇ ਵੀ ਆਮ ਤੋਰ ਮੱਲ ਜਾਂਦੇ ਨੇਂ ਜਿਹਨਾਂ ਵਿੱਚ ''ਆਓ ਗੁਰਮੁਖੀ ਸੀਖੋਂ'' (ਡਾਕਟਰ ਸੀਤਾ

ਰਾਮ ਬਾਹਰੀ), ''ਗੁਰਮੁਖੀ ਲਿਖਾਈ ਪੜ੍ਹਾਈ'' (ਪ੍ਰੋਫ਼ੈਸਰ ਡਾਕਟਰ ਨਬੀਲਾ ਰਹਿਮਨ) ਅਤੇ ''ਗੁਰਮੁਖੀ ਉਸਤਾਦ'' (ਕਲਿਆਣ ਸਿੰਘ ਕਲਿਆਣ) ਮੋਢੀ ਕਾਆਦੇ ਮਨੇ ਜਾਂਦੇ ਹਨ।

ਇਨ੍ਹਾਂ ਕਾਇਦਿਆਂ ਰਾਹੀਂ ਤੁਸੀਂ ਘਰ ਬੈਠੇ ਵੀ ਗੁਰਮੁਖੀ ਸਿੱਖ ਸਕਦੇ ਹੋ । ਪੰਜਾਬੀ ਦੇ ਇਹ ਕਾਆਦੇ ਪੰਜਾਬੀਆਂ ਦੀ ਸੋਚ ਬਦਲ ਰਹੇ ਨੇਂ ਤੇ ਉਹ ਪੰਜਾਬੀ ਜ਼ਬਾਨ ਓ ਅਦਬ ਵੱਲ ਪਰਤ ਰਹੇ ਨੇਂ। ਇਸ ਲਈ ਪੰਜਾਬੀ ਉਸਤਾਦਾਂ ਤੇ ਪੜ੍ਹਿਆਰਾਂ ਦੀ ਖ਼ਵਾਹਿਸ਼ ਏ ਕਿ ਉਹ ਗੁਰਮੁਖੀ ਵੀ ਸਿੱਖ ਲੈਣ ਇਸ ਲਈ ਪਾਕਿਸਤਾਨੀ ਪੰਜਾਬ ਵਿੱਚ ਗੁਰਮੁਖੀ ਤੇ ਪੰਜਾਬੀ ਜ਼ਬਾਨ ਤੇ ਅਦਬ ਦੇ ਨਾਲ ਖ਼ਾਸ ਗੁਰਮੁਖੀ ਦਾ ਵਿਕਾਸ ਹੋ ਰਿਹਾ ਏ। ਜ਼ਰੂਰਤ ਇਸ ਗੱਲ ਦੀ ਏ ਕਿ ਇਸ ਨੂੰ ਧਰਮ ਨਾਲ ਨਹੀਂ ਸਗੋਂ ਪੰਜਾਬੀ ਸਭਿਆਚਾਰਕ ਨਾਲ ਜੋੜਿਆ ਜਾਵੇ ਕਿਉਂ ਜੇ ਧਰਮ ਨਾਲ ਜੁੜਨ ਨਾਲ ਦੂਜੇ ਧਰਮਾਂ ਦੇ ਲੋਕਾਂ ਨੂੰ ਅਵਾਜ਼ ਚੁੱਕਣ ਦ ਮੋਕਾ ਮਿਲ ਜਾਂਦਾ ਏ ਕਿ ਪੰਜਾਬੀ ਸਿੱਖਾਂ ਦੀ ਬੋਲੀ ਏ । ਇਸ ਲਈ ਪੰਜਾਬੀ ਦੇ ਖੋਜ ਕਾਰਾਂ ਨੂੰ ਇਹ ਦੱਸਣਾ ਹੋਏ ਗਾ ਕਿ ਪੰਜਾਬੀ ਕੇਵਲ ਤੇ ਕੇਵਲ ਪੰਜਾਬੀਆਂ ਦੀ ਬੋਲੀ ਏ, ਕਿਸੇ ਧਰਮ ਦੀ ਨਹੀਂ।

ਹਵਾਲੇ

1। ਪਿਆਰਾ ਸਿੰਘ ਪਦਮ, ''ਪੰਜਾਬੀ ਬੋਲੀ ਦਾ ਇਤਿਹਾਸ'' ਪਟਿਆਲਾ: ਪੰਜਾਬੀ ਯੂਨੀਵਰਸਿਟੀ, ਸ **157**, ਜਨਵਰੀ **1954**ਈ . ।

2। ---, ''ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ'' ਪਟਿਆਲਾ: ਪੰਜਾਬੀ ਯੂਨੀਵਰਸਿਟੀ, ਸ **81**, ਸ ਨ ।

3। **Leitner, G . W . (1882) . History of Indigenous education in the Punjab . Lahore, Pakistan: Republican Books . P 1 .**

4। ਫ਼ਤਿਹ ਮੁਹੰਮਦ ਸਰਦਾਰ, ''ਪਾਕਿਸਤਾਨ ਮੈਂ ਉਰਦੂ'' ਮਰਤਬੀਨ: ਸਈਅਦ ਸਰਦਾਰ ਪੀਰ ਜ਼ਾਦਾ, ਤਜਮਲ ਸ਼ਾਹ, ਜਿਲਦ **4**, ਸ **688**, ਸ ਨ ।

5। ਫ਼ਤਿਹ ਮੁਹੰਮਦ ਸਰਦਾਰ **665** ।

6। ਫ਼ਤਿਹ ਮੁਹੰਮਦ ਸਰਦਾਰ **671** ।

7। ਨਵੀਦ ਸ਼ਹਿਜ਼ਾਦ, ਡਾਕਟਰ ,ਪ੍ਰੋਫ਼ੈਸਰ, ''ਪੰਜਾਬ ਕਾ ਲਿਸਾਨੀ ਮਿਜ਼ਾਜ'', ਲਾਹੌਰ: ਪੰਜਾਬ ਯੂਨੀਵਰਸਿਟੀ ਪ੍ਰੈੱਸ, ਸ **25, 2018**ਈ . ।

8। ਫ਼ਤਿਹ ਮੁਹੰਮਦ ਸਰਦਾਰ **671** ।

9। ਫ਼ਤਿਹ ਮੁਹੰਮਦ ਸਰਦਾਰ **682** ।

10। ਫ਼ਤਿਹ ਮੁਹੰਮਦ ਸਰਦਾਰ **772** ।

11। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ **1381** ।

12। ਫ਼ਕੀਰ ਮੁਹੰਮਦ ਫ਼ਕੀਰ, ਡਾਕਟਰ, ''ਸੰਗੀ'' ਮੁਰੱਤਬ: ਜੁਨੈਦ ਅਕਰਮ, ਪੰਜਾਬੀ ਯੂਨੀਵਰਸਿਟੀ ਪ੍ਰੈੱਸ, ਲਾਹੌਰ: ਸ **7, 2018** ਈ . ।

13। ਨਵੀਦ ਸ਼ਹਿਜ਼ਾਦ, ਡਾਕਟਰ । ''ਪੰਜਾਬ ਕਾ ਲਿਸਾਨੀ ਮਿਜ਼ਾਜ'' ਲਾਹੌਰ: ਡਾਕਟਰ ਫ਼ਕੀਰ ਮੁਹੰਮਦ ਫ਼ਕੀਰ ਰਿਸਰਚ ਚੇਅਰ, ਪੰਜਾਬ ਯੂਨੀਵਰਸਿਟੀ ਲਾਹੌਰ, ਸ **195, 2018**ਈ . ।

14। ਜ਼ਾਹਿਦ ਹੁਸੈਨ ਅੰਜੁਮ, ''ਅਨਸਾਈਕਲੋ ਪੀਡੀਆ ਵਾਕਆਤਿ ਪਾਕਿਸਤਾਨ'' ਲਾਹੌਰ: ਨਜ਼ੀਰ ਪਬਲਿਸ਼ਰਜ਼, ਜਿਲਦ ਅਵੱਲ , ਸ **680, 2010** ਈ . ।

15। ਨਵੀਦ ਸ਼ਹਿਜ਼ਾਦ, ਡਾਕਟਰ ਸ **195** ।

16। ਸ਼ਹਿਬਾਜ਼ ਮੁਲਕ, ਡਾਕਟਰ ,ਪ੍ਰੋਫ਼ੈਸਰ,''ਰਵੀਲਾ'' ਅਕੀਡਮੀਆਤ, ਲਾਹੌਰ: ਸ **5,2018**ਈ . ।

17। ਫ਼ਤਿਹ ਮੁਹੰਮਦ ਸਰਦਾਰ **01** ।